## ਮਿਤੀ 13-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:137<br>ਮਿਤੀ:13-12-22<br>ਜੁਰਮ:61-1-14,<br>ਐਕਸਾਇਜ ਐਕਟ<br>ਥਾਣਾ ਮਟੌਰ | ਸ:ਥ:ਦਵਿੰਦਰ ਸਿੰਘ<br>79730-92152 | 1) ਹਰਜਿੰਦਰ ਸਿੰਘ ਪੁੱਤਰ ਦਲਵੀਰ ਸਿੰਘ<br>2) ਹਰਜੀਤ ਸਿੰਘ ਪੁੱਤਰ ਅਵਤਾਰ ਸਿੰਘ<br>ਵਾਸੀਆਨ ਪਿੰਡ ਸਹੋੜ੍ਹਾ, ਥਾਣਾ ਸਦਰ ਖਰੜ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਮਾਈਕਰੋ ਟਾਵਰ, ਫੇਸ-3ਏ, ਮੋਹਾਲੀ ਵਿਖੇ ਮੌਜੂਦ ਸੀ। ਤਾਂ ਚੰਡੀਗੜ੍ਹ ਸਾਈਡ ਤੋ ਇਕ ਐਕਟਿਵਾ ਨੰ:ਪੀ ਬੀ-27ਈ-2304 ਆਉਂਦੀ ਦਿਖਾਈ ਦਿੱਤੀ। ਜਿਸ ਤੇ ਉਕਤਾਨ ਦੋਸ਼ੀਆਨ ਸਵਾਰ ਸਨ। ਜਿਹਨਾਂ ਨੇ ਆਪਣੀ ਐਕਟਿਵਾ ਤੇ ਦੋ ਭਾਰੀ ਬੈਗ ਰੱਖੇ ਹੋਏ ਸਨ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਏ ਤੇ ਆਪਣੀ ਐਕਟਿਵਾ ਨੂੰ ਪਿੱਛੇ ਮੋੜਨ ਲੱਗੇ ਜਿਹਨਾਂ ਨੂੰ ਮਨ ਸ:ਥ: ਨੇ ਪੁਲਿਸ ਪਾਰਟੀ ਦੀ ਮਦਦ ਨਾਲ ਕਾਬੂ ਕੀਤਾ। ਜਿਹਨਾਂ ਦੇ ਬੈਗਾ ਦੀ ਸ਼ੱਕ ਦੀ ਬਿਨਾਂਹ ਤੇ ਤਲਾਸ਼ੀ ਲਈ ਗਈ। ਜਿਹਨਾਂ ਵਿੱਚੋ ਕੁੱਲ 108 ਬੋਤਲਾ ਸ਼ਰਾਬ ਮਾਰਕਾ ਨੈਨਾ ਪ੍ਰੀਮੀਅਮ ਵਿਸਕੀ ਫਾਰ ਸੇਲ ਇੰਨ ਚੰਡੀਗੜ੍ਹ ਬਰਾਮਦ ਹੋਈਆ। ਜਿਹਨਾਂ ਸਬੰਧੀ ਉਕਤਾਨ ਦੋਸ਼ੀਆਨ ਕੋਈ ਵੀ ਲਾਈਸੈਂਸ ਤੇ ਪਰਮਿਟ ਪੇਸ਼ ਨਹੀ ਕਰ ਸਕੇ। ਜਿਹਨਾਂ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |
| 2 | ਮੁਕੱਦਮਾ ਨੰ:524<br>ਮਿਤੀ:13-12-22<br>ਜੁਰਮ:379,34,<br>ਆਈ.ਪੀ.ਸੀ<br>ਥਾਣਾ ਸੋਹਾਣਾਂ | ਕਰਨ ਸਿੰਘ ਤੱਖਰ ਪੁੱਤਰ ਪਦਮਵੀਰ ਸਿੰਘ ਵਾਸੀ ਵੈਸਟੋਨਲ ਫਾਰਮ ਨੈਕਸ, ਐਚ ਬਲਾਕ, ਐਰੋ ਸਿਟੀ, ਮੋਹਾਲੀ<br>ਉਮਰ 38 ਸਾਲ<br>99885-55692 | 1) ਮਨਫੂੱਲ ਸਿੰਘ ਸਰਪੰਚ ਵਾਸੀ ਪਿੰਡ ਬੜ੍ਹੀ, ਥਾਣਾ ਸੋਹਾਣਾਂ<br>2) ਕੁਝ ਹੋਰ ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਪ੍ਰਾਈਵੇਟ ਬਿਜਨਸ ਕਰਦਾ ਹਾਂ। ਮੇਰਾ ਇਕ ਫਾਰਮ ਹਾਊਸ ਪਿੰਡ ਬੜ੍ਹੀ, ਥਾਣਾ ਸੋਹਾਣਾਂ ਵਿਖੇ ਹੈ। ਜਿੱਥੇ ਮੈ ਪਿੰਡ ਦੀ ਪੰਚਾਇਤ ਦੀ ਸਹਿਮਤੀ ਨਾਲ ਗੰਦੇ ਨਾਲੇ ਦਾ ਪਾਣੀ ਜਮੀਨ ਦੀ ਸਿੰਚਾਈ ਦੇ ਲਈ ਵਰਤਣ ਲਈ ਰਸਤੇ ਵਿੱਚ ਸੀਮਿੰਟਡ ਪਾਇਪ ਪਾਏ ਸਨ। ਸਾਲ 2016 ਵਿੱਚ ਰਸਤੇ ਵਿੱਚ ਪਾਏ ਹੋਏ ਪਾਇਪ ਟੁੱਟਣ ਕਾਰਨ ਇੱਥੇ ਨਵੇ ਪਾਇਪ ਪਾਏ ਸਨ। ਮਿਤੀ 16-06-22 ਨੰ ਸਾਡੇ ਫਾਰਮ ਹਾਊਸ ਦੇ ਜਾਂਦੇ ਰਸਤੇ ਵਿੱਚੋ ਕਿਸੇ ਨਾ-ਮਾਲੂਮ ਵਿਅਕਤੀ/ਵਿਅਕਤੀਆ ਵੱਲੋ ਇਹ ਸੀਮਿੰਟਡ ਪਾਇਪ ਪੁੱਟਵਾਕੇ ਚੋਰੀ ਕਰ ਲਏ ਸਨ। ਜਿਹਨਾਂ ਦੀ ਮੈ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦਾ ਰਿਹਾ। ਹੁਣ ਮੈਨੂੰ ਪਤਾ ਲੱਗਾ ਕਿ ਪਿੰਡ ਬੜ੍ਹੀ ਦੇ ਮੌਜੂਦਾ ਸਰਪੰਚ ਮਨਫੂੱਲ ਸਿੰਘ ਨੇ ਕੁਝ ਹੋਰ ਵਿਅਕਤੀਆ ਨਾਲ ਮਿਲ ਕੇ ਇਹ ਸੀਮਿੰਟਡ ਪਾਇਪ ਜੇ ਸੀ ਬੀ ਮਸ਼ੀਨ ਦੀ ਮਦਦ ਨਾਲ ਪੁੱਟਵਾਕੇ ਚੋਰੀ ਕਰਕੇ ਆਪਣੇ ਖੇਤਾ ਵਿੱਚ ਬਣੇ ਸ਼ੈਂਡਾ ਦੇ ਪਿੱਛੇ ਪਾਸੇ ਲੁੱਕਾ ਛੁਪਾਕੇ ਕੇ ਰੱਖੇ ਹੋਏ ਹਨ। ਜਿਸ ਤੇ ਹੁਣ ਮੈ ਪਿੰਡ ਦੇ ਸਰਪੰਚ ਮਨਫੂੱਲ ਸਿੰਘ ਤੇ ਉਸ ਦੇ ਨਾ-ਮਾਲੂਮ ਸਾਥੀਆ ਦੇ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 3 | ਮੁਕੱਦਮਾ ਨੰ:05<br>ਮਿਤੀ:13-12-22<br>ਜੁਰਮ:379,<br>ਆਈ.ਪੀ.ਸੀ<br>ਥਾਣਾ ਏਅਰ ਪੋਰਟ | ਅਰੂਹੀ ਚੰਦਰ ਸ਼ੇਖਰ ਪੁੱਤਰੀ ਚੰਦਰ ਸ਼ੇਖਰ ਨੇਵੇ ਵਾਸੀ ਮਕਾਨ ਨੰ:47-ਬੀ, ਰਣਛੋੜ ਨਗਰ, ਪੰਚਮੁੱਖੀ ਹਨੂੰਮਾਨ ਮੰਦਰ ਨੇੜੇ, ਜਲਗਾਉ, ਮਹਾਂਰਾਸ਼ਟਰ<br>ਉਮਰ 25 ਸਾਲ<br>82644-71043 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 12-12-22 ਨੂੰ ਵਕਤ ਕਰੀਬ 09:50 ਏ ਐਮ ਪਰ ਮੈ ਆਪਣੇ ਕੰਮ ਦੇ ਸਬੰਧ ਵਿੱਚ ਅਹਿਮਦਾਬਾਦ ਗੁਜਰਾਤ ਤੋ ਗੋਂ-ਏਅਰ ਏਅਰਲਾਈਨਜ ਵਿੱਚ ਮੋਹਾਲੀ ਏਅਰਪੋਰਟ ਪਰ ਆਈ ਸੀ। ਤਾਂ ਏਅਰਪੋਰਟ ਦੇ ਪਾਰਕਿੰਗ ਏਰੀਏ ਵਿੱਚੋ ਕੋਈ ਨਾ-ਮਾਲੂਮ ਵਿਅਕਤੀ ਮੇਰੇ ਦੋ ਮੋਬਾਇਲ ਫੋਨ ਆਈ ਫੋਨ ਮਿੰਨੀ 12 ਤੇ ਵੰਨ ਪਲੱਸ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈ ਆਪਣੇ ਤੌਰ ਤੇ ਕਾਫੀ ਭਾਲ ਕੀਤੀ ਪਰ ਉਹ ਨਹੀ ਮਿਲਿਆ। ਜਿਸ ਤੇ ਹੁਣ ਮੈ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 4 | ਮੁਕੱਦਮਾ ਨੰ:151<br>ਮਿਤੀ:13-12-22<br>ਜੁਰਮ:279,337,338,<br>ਆਈ.ਪੀ.ਸੀ<br>ਥਾਣਾ ਬਲੌਂਗੀ | ਜਸਪਾਲ ਸਿੰਘ ਪੁੱਤਰ ਹਰੀ ਰਾਮ ਵਾਸੀ ਪਿੰਡ ਝੰਜੇੜੀ, ਥਾਣਾ ਸਦਰ ਖਰੜ<br>ਉਮਰ 48 ਸਾਲ<br>99884-39432 | ਰੋਸ਼ਨ ਲਾਲ ਪੁੱਤਰ ਸਰਦਾਰਾ ਸਿੰਘ ਵਾਸੀ ਪਿੰਡ ਫਤਿਹਪੁਰ ਨੇੜੇ ਸਿਆਲਬਾ ਮਾਜਰੀ, ਥਾਣਾ ਬਲਾਕ ਮਾਜਰੀ ਡਰਾਈਵਰ ਟਰੱਕ ਨੰ:ਪੀ ਬੀ-13ਬੀਜੀ-8298 | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਖੇਤੀਬਾੜੀ ਦਾ ਕੰਮ ਕਰਦਾ ਹਾਂ। ਮਿਤੀ 03-10-22 ਨੂੰ ਵਕਤ ਕਰੀਬ 04:30 ਪੀ ਐਮ ਦਾ ਹੋਵੇਗਾ ਮੈ ਆਟੋ ਨੰ:ਪੀ ਬੀ-65ਏਐਕਸ-6905 ਪਰ ਸਵਾਰ ਹੋ ਕੇ ਖਰੜ ਤੋ ਲਾਂਡਰਾ ਨੂੰ ਜਾ ਰਿਹਾ ਸੀ। ਜਦੋ ਅਸੀ ਚੱਪੜ ਚਿੜੀ ਫੈਕਟਰੀ ਕੋਲ ਪੁੱਜੇ ਤਾਂ ਸਾਡੇ ਅੱਗੇ ਉਕਤ ਨੰਬਰੀ ਟਰੱਕ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਜਾ ਰਿਹਾ ਸੀ। ਜਿਸ ਦੇ ਉਕਤ ਡਰਾਈਵਰ ਨੇ ਆਪਣੇ ਟਰੱਕ ਦੀ ਇਕਦਮ ਬ੍ਰੇਕ ਲੱਗਾ ਦਿੱਤੀ ਤੇ ਸਾਡਾ ਆਟੋ ਬੇਕਾਬੂ ਹੋ ਗਿਆ ਤੇ ਉਕਤ ਟਰੱਕ ਦੇ ਪਿੱਛੇ ਜਾ ਵੱਜਿਆ ਜਿਸ ਨਾਲ ਮੇਰੇ ਤੇ ਆਟੋ ਤੇ ਡਰਾਈਵਰ ਤੇ ਕਾਫੀ ਸੱਟਾਂ ਲੱਗੀਆ। ਸਾਡੀ ਉਕਤ ਨੰਬਰੀ ਟਰੱਕ ਦੇ ਉਕਤ ਡਰਾਈਵਰ ਨਾਲ ਹੁਣ ਤੱਕ ਰਾਜੀਨਾਮੇ ਦੀ ਗੱਲ ਚੱਲਦੀ ਰਹੀ ਪਰ ਸਿੱਰੇ ਨਹੀ ਚੜ੍ਹ ਸਕੀ। ਜਿਸ ਤੇ ਹੁਣ ਮੈ ਉਕਤ ਟਰੱਕ ਦੇ ਉਕਤ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 5 | ਮੁਕੱਦਮਾ ਨੰ:250<br>ਮਿਤੀ:13-12-22<br>ਜੁਰਮ:21,22-61-85,<br>ਐਨ.ਡੀ.ਪੀ.ਐਸ ਐਕਟ<br>ਥਾਣਾ ਸਦਰ ਖਰੜ | ਐਸ ਆਈ:ਭਗਤਵੀਰ ਸਿੰਘ<br>95305-52042 | 1) ਚੇਤਨ ਸ਼ਰਮਾ ਉਰਫ ਚੀਨੂੰ ਪੁੱਤਰ ਰਾਜੀਵ ਸ਼ਰਮਾ ਵਾਸੀ ਮਕਾਨ ਨੰ:148, ਵਾਰਡ ਨੰ:05, ਕੁਰਾਲੀ, ਥਾਣਾ ਸਿਟੀ ਕੁਰਾਲੀ<br>2) ਜਸਕੀਰਤ ਸਿੰਘ ਉਰਫ ਜੱਸੀ ਪੁੱਤਰ ਜਸਵੀਰ ਸਿੰਘ ਵਾਸੀ ਪਿੰਡ ਭਾਗਪੁਰ, ਜਿਲ੍ਹਾ ਨਵਾਂ ਸ਼ਹਿਰ | ਅੱਜ ਮਨ ਐਸ ਆਈ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਅਰਿਸਟਾ ਹੋਟਲ ਸੰਨੀ ਇੰਨਕਲੇਵ, ਖਰੜ ਵਿਖੇ ਮੌਜੂਦ ਸੀ। ਤਾਂ ਮੋਹਾਲੀ ਸਾਈਡ ਤੋ ਇਕ ਕਾਰ ਨੰ:ਡੀ ਐਲ-08ਸੀਐਨਏ-1342 ਮਾਰਕਾ ਲੈਂਸਰ ਰੰਗ ਸਿਲਵਰ ਆਉਂਦੀ ਦਿਖਾਈ ਦਿੱਤੀ। ਜਿਸ ਵਿੱਚ ਉਕਤਾਨ ਦੋਸ਼ੀਆਨ ਸਵਾਰ ਸਨ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਏ ਤੇ ਆਪਣੀ ਕਾਰ ਨੂੰ ਪਿੱਛੇ ਮੋੜਨ ਲੱਗੇ ਜਿਹਨਾਂ ਨੂੰ ਮਨ ਐਸ ਆਈ: ਨੇ ਪੁਲਿਸ ਪਾਰਟੀ ਦੀ ਮਦਦ ਨਾਲ ਕਾਬੂ ਕੀਤਾ। ਜਿਹਨਾਂ ਦੀ ਸ਼ੱਕ ਦੀ ਬਿਨਾਂਹ ਤੇ ਤਲਾਸ਼ੀ ਲਈ ਗਈ। ਜਿਹਨਾਂ ਪਾਸੋ 20 ਗ੍ਰਾਮ ਹੈਰੋਇੰਨ ਬਰਾਮਦ ਹੋਈ। ਜਿਹਨਾਂ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |
| 6 | ਮੁਕੱਦਮਾ ਨੰ:136<br>ਮਿਤੀ:13-12-22<br>ਜੁਰਮ:279,337,338, 304ਏ,427,<br>ਆਈ.ਪੀ.ਸੀ<br>ਥਾਣਾ ਮੁੱਲਾਂਪੁਰ | ਸੁਨੀਲ ਕੁਮਾਰ ਪੁੱਤਰ ਚੌਥੀ ਵਾਸੀ ਮਕਾਨ ਨੰ:14, ਫੇਸ-2, ਰਾਮ ਦਰਬਾਰ, ਚੰਡੀਗੜ੍ਹ<br>ਉਮਰ 30 ਸਾਲ<br>99159-32881 | ਨਾ-ਮਾਲੂਮ ਡਰਾਈਵਰ ਤੇ ਟਿੱਪਰ ਨੰ:ਪੀ ਬੀ-65ਏਐਚ-9183 | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਅਰੁਨੀਤਾ ਗੈਸ ਏਜੰਸੀ ਪਲਾਟ ਨੰ:08, ਇੰਡ:ਏਰੀਆ, ਫੇਸ-2, ਰਾਮ ਦਰਬਾਰ, ਚੰਡੀਗੜ੍ਹ ਵਿਖੇ ਲੇਬਰ ਦਾ ਕੰਮ ਕਰਦਾ ਹਾਂ। ਸੁਦਾਮਾ ਕੁਮਾਰ ਪੁੱਤਰ ਤਿਲਬੁ ਰਾਮ ਹਾਲ ਵਾਸੀ ਫੇਸ-2, ਰਾਮ ਦਰਬਾਰ, ਚੰਡੀਗੜ੍ਹ ਵੀ ਅਰੁਨੀਤਾ ਗੈਸ ਏਜੰਸੀ ਵਿੱਚ ਡਰਾਈਵਰ ਦੀ ਨੌਕਰੀ ਕਰਦਾ ਸੀ। ਅੱਜ ਵਕਤ ਕਰੀਬ 01:00 ਪੀ ਐਮ ਦਾ ਹੋਵੇਗਾ ਮੈ ਤ ਸੁਦਾਮਾ ਕੁਮਾਰ ਗੱਡੀ ਨੰ:ਸੀ ਐਚ-01ਟੀਬੀ-4534 ਮਾਰਕਾ ਮਹਿੰਦਰਾ ਪਿੱਕਅੱਪ ਵਿੱਚ ਸਵਾਰ ਹੋ ਕੇ ਗੈਸ ਏਜੰਸੀ ਦੇ ਕੰਮ ਦੇ ਸਬੰਧ ਵਿੱਚ ਚੰਡੀਗੜ੍ਹ ਤੋ ਬੱਦੀ ਨੂੰ ਜਾ ਰਹੇ ਸਨ। ਜਦੋ ਅਸੀ ਸਿਸਵਾਂ ਰੋਡ ਤੇ ਪੰਜਾਬ ਹਰਿਆਣਾ ਦੀ ਹੱਦ ਨੇੜੇ ਪੁੱਜੇ ਤਾਂ ਸਾਹਮਣੇ ਤੋ ਉਕਤ ਨੰਬਰੀ ਟਿੱਪਰ ਆ ਰਿਹਾ ਸੀ। ਜਿਸ ਦੇ ਨਾ-ਮਾਲੂਮ ਡਰਾਈਵਰ ਨੇ ਆਪਣੇ ਟਿੱਪਰ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਸਾਡੀ ਗੱਡੀ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਸਾਡੇ ਕਾਫੀ ਸੱਟਾਂ ਲੱਗੀਆ। ਸਾਨੂੰ ਰਾਹਗੀਰਾਂ ਨੇ ਇਲਾਜ ਲਈ ਪੀ ਜੀ ਆਈ ਚੰਡੀਗੜ੍ਹ ਵਿਖੇ ਦਾਖਲ ਕਰਵਾਇਆ। ਜਿੱਥੇ ਸੁਦਾਮਾ ਕੁਮਾਰ ਦੀ ਦੌਰਾਨੇ ਇਲਾਜ ਮੌਤ ਹੋ ਗਈ ਤੇ ਮੈ ਉੱਥੇ ਜੇਰੇ ਇਲਾਜ ਹਾਂ। ਬਾਅਦ ਵਿੱਚ ਮੈ ਉਕਤ ਨੰਬਰੀ ਟਿੱਪਰ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 7 | ਮੁਕੱਦਮਾ ਨੰ:488<br>ਮਿਤੀ:13-12-22<br>ਜੁਰਮ:279,337,338, 427,ਆਈ.ਪੀ.ਸੀ<br>ਥਾਣਾ ਜੀਰਕਪੁਰ | ਕੁਲਦੀਪ ਨਿਰਮਲ ਪੁੱਤਰ ਮਹਾਰਾਣੀ ਦਿਨ ਨਿਰਮਲ ਹਾਲ ਵਾਸੀ ਮਕਾਨ ਨੰ:1380, ਵਿਕਾਸ ਨਗਰ, ਮੋਲੀਜਾਗਰਾ, ਚੰਡੀਗੜ੍ਹ<br>ਉਮਰ 30 ਸਾਲ | ਨਾ-ਮਾਲੂਮ ਡਰਾਈਵਰ ਤੇ ਕਾਰ ਨੰ:ਪੀ ਬੀ-29ਐਕਸ-6108 ਮਾਰਕਾ ਸਵਿਫਟ ਡਿਜਾਇਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਆਪਣੇ ਮੋਟਰ ਸਾਈਕਲ ਨੰ:ਸੀ ਐਚ-01ਸੀਐਫ-1737 ਮਾਰਕਾ ਟੀ ਵੀ ਐਸ ਰੈਡੀਓਨ ਪਰ ਸਵਿਗੀ ਦੀ ਡਲੀਵਰੀ ਜੀਰਕਪੁਰ ਸ਼ਹਿਰ ਵਿੱਚ ਅੱਡ ਅੱਡ ਥਾਂਵਾ ਤੇ ਕਰਦਾ ਹਾਂ। ਮਿਤੀ 07-12-22 ਨੂੰ ਮੈ ਆਪਣੇ ਮੋਟਰ ਸਾਈਕਲ ਪਰ ਸਵਾਰ ਹੋ ਕੇ ਵੀ ਆਈ ਪੀ ਰੋਡ ਜੀਰਕਪੁਰ ਵਿਖੇ ਜਾ ਰਿਹਾ ਸੀ। ਜਦੋ ਮੈ ਪਿੰਡ ਲੋਹਗੜ੍ਹ ਸਿੰਗਮਾ ਚੌਕ ਕੋਲ ਮੁੜਨ ਲੱਗਾ ਤਾਂ ਉਕਤ ਨੰਬਰੀ ਕਾਰ ਸਾਹਮਣੇ ਤੋ ਆਈ ਜਿਸ ਦੇ ਨਾ-ਮਾਲੂਮ ਡਰਾਈਵਰ ਨੇ ਆਪਣੀ ਕਾਰ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਮੇਰੇ ਮੋਟਰ ਸਾਈਕਲ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਮੈ ਸੜਕ ਤੇ ਡਿੱਗ ਪਿਆ ਤੇ ਮੇਰੇ ਕਾਫੀ ਸੱਟਾਂ ਲੱਗੀਆ। ਮੈਨੂੰ ਰਾਹਗੀਰਾਂ ਨੇ ਇਲਾਜ ਲਈ ਜੇ ਪੀ ਹਸਪਤਾਲ, ਜੀਰਕਪੁਰ ਵਿਖੇ ਦਾਖਲ ਕਰਵਾਇਆ ਸੀ। ਹੁਣ ਹਸਪਤਾਲ ਤੋ ਛੁੱਟੀ ਹੋਣ ਤੋ ਬਾਅਦ ਮੈ ਉਕਤ ਨੰਬਰੀ ਕਾਰ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 8 | ਮੁਕੱਦਮਾ ਨੰ:489<br>ਮਿਤੀ:13-12-22<br>ਜੁਰਮ:279,304ਏ, 427,ਆਈ.ਪੀ.ਸੀ<br>ਥਾਣਾ ਜੀਰਕਪੁਰ | ਗੁਰਪ੍ਰੀਤ ਸਿੰਘ ਪੁੱਤਰ ਧਰਮ ਸਿੰਘ ਹਾਲ ਵਾਸੀ ਮਕਾਨ ਨੰ: 375, ਸ਼ਿਵਾਲਿਕ ਵਿਹਾਰ, ਜੀਰਕਪੁਰ, ਥਾਣਾ ਜੀਰਕਪੁਰ<br>ਉਮਰ 59 ਸਾਲ<br>99152-72597 | ਨਾ-ਮਾਲੂਮ ਡਰਾਈਵਰ ਤੇ ਪੀ ਆਰ ਟੀ ਸੀ ਬੱਸ ਨੰ:ਪੀ ਬੀ-65ਕੇ-2712 | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਅੱਜ ਮੈ ਤੇ ਮੇਰਾ ਦੋਸਤ ਰਾਮ ਕੁਮਾਰ ਆਪਣੀ ਐਕਟਿਵਾ ਪਰ ਸਵਾਰ ਹੋ ਕੇ ਬਨੂੰੜ ਤੋ ਆਪਣੇ ਘਰ ਨੂੰ ਵਾਪਸ ਆ ਰਹੇ ਸਨ। ਜਦੋ ਅਸੀ ਛੱਤ ਲਾਈਟਾ ਤੇ ਪੁੱਜੇ ਤਾਂ ਉੱਥੇ ਸਾਨੂੰ ਮੇਰੇ ਪਿਤਾ ਜੀ ਧਰਮ ਸਿੰਘ ਮਿੱਲ ਗਏ ਜੋ ਆਪਣੇ ਮੋਟਰ ਸਾਈਕਲ ਨੰ:ਪੀ ਬੀ-65ਏਆਰ-3106 ਪਰ ਸਵਾਰ ਹੋ ਕੇ ਘਰ ਨੂੰ ਜਾ ਰਹੇ ਸਨ। ਜਦੋ ਅਸੀ ਜੀ ਐਮ ਰਿਜੋਰਟ, ਜੀਰਕਪੁਰ ਦੇ ਸਾਹਮਣੇ ਪੁੱਜੇ ਤਾਂ ਪਿੱਛੋ ਉਕਤ ਨੰਬਰੀ ਬੱਸ ਆਈ ਜਿਸ ਦੇ ਉਕਤ ਡਰਾਈਵਰ ਨੇ ਆਪਣੀ ਬੱਸ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਪਿੱਛੋ ਮੇਰੇ ਪਿਤਾ ਜੀ ਦੇ ਮੋਟਰ ਸਾਈਕਲ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਮੇਰੇ ਪਿਤਾ ਜੀ ਦੇ ਕਾਫੀ ਸੱਟਾਂ ਲੱਗੀਆ। ਜਿਹਨਾਂ ਨੂੰ ਮੈ ਇਲਾਜ ਲਈ ਐਮ ਕੇਅਰ ਹਸਪਤਾਲ ਵੀ ਆਈ ਪੀ ਰੋਡ, ਜੀਰਕਪੁਰ ਵਿਖੇ ਦਾਖਲ ਕਰਵਾਇਆ। ਜਿੱਥੇ ਉਹਨਾਂ ਦੀ ਦੌਰਾਨੇ ਇਲਾਜ ਮੌਤ ਹੋ ਗਈ। ਬਾਅਦ ਵਿੱਚ ਮੈ ਉਕਤ ਨੰਬਰੀ ਬੱਸ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 9 | ਮੁਕੱਦਮਾ ਨੰ:490<br>ਮਿਤੀ:13-12-22<br>ਜੁਰਮ:279,304ਏ,<br>ਆਈ.ਪੀ.ਸੀ<br>ਥਾਣਾ ਜੀਰਕਪੁਰ | ਟੇਕ ਸਿੰਘ ਰਾਠੌਰ ਪੁੱਤਰ ਲੇਟ ਸੂਰਤ ਸਿੰਘ ਵਾਸੀ ਮਕਾਨ ਨੰ:ਡੀ-40, ਪੰਚਸੀਲ ਇੰਨਕਲੇਵ, ਜੀਰਕਪੁਰ<br>ਉਮਰ 60 ਸਾਲ<br>98788-29697 | ਨਾ-ਮਾਲੂਮ ਡਰਾਈਵਰ ਤੇ ਕਾਰ ਨੰ:ਪੀ ਬੀ-70ਐਚ-8879 ਮਾਰਕਾ ਵਰਨਾ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਅੱਜ ਵਕਤ ਕਰੀਬ 04:40 ਪੀ ਐਮ ਦਾ ਹੋਵੇਗਾ ਮੇਰੀ ਘਰਵਾਲੀ ਸ਼ੁਸ਼ਮਾ ਰਾਠੌਰ ਪੈਦਲ ਹੀ ਯਮੁਨਾ ਇੰਨਕਲੇਵ ਦੀ ਮਰਕੀਟ ਵਿਖੇ ਗਈ ਸੀ। ਜਿੱਥੇ ਉਕਤ ਨੰਬਰੀ ਕਾਰ ਦੇ ਨਾ-ਮਾਲੂਮ ਡਰਾਈਵਰ ਨੇ ਆਪਣੀ ਕਾਰ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਟੱਕਰ ਮਾਰੀ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਉਸ ਦੇ ਕਾਫੀ ਸੱਟਾਂ ਲੱਗੀਆ। ਜਿਸ ਨੂੰ ਰਾਹਗੀਰਾਂ ਨੇ ਇਲਾਜ ਲਈ ਜੀ ਐਮ ਸੀ ਹਸਪਤਾਲ ਸੈਕ:32, ਚੰਡੀਗੜ੍ਹ ਵਿਖੇ ਦਾਖਲ ਕਰਵਾਇਆ। ਜਿੱਥੇ ਮੇਰੀ ਘਰਵਾਲੀ ਦੀ ਦੌਰਾਨੇ ਇਲਾਜ ਮੌਤ ਹੋ ਗਈ। ਬਾਅਦ ਵਿੱਚ ਮੈ ਉਕਤ ਨੰਬਰੀ ਕਾਰ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 10 | ਮੁਕੱਦਮਾ ਨੰ:119<br>ਮਿਤੀ:13-12-22<br>ਜੁਰਮ:406,420,<br>ਆਈ.ਪੀ.ਸੀ ਤੇ 13, ਦਿ ਪੰਜਾਬ ਟ੍ਰੈਵਲ ਐਕਟ-2014<br>ਥਾਣਾ ਢਕੋਲੀ | ਭੁਪਿੰਦਰ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਪਿੰਡ ਬਗਵਾਈ, ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ<br>ਉਮਰ 30 ਸਾਲ<br>78890-99003 | ਸੁਖਵਿੰਦਰ ਸਿੰਘ ਪੁੱਤਰ ਦੇਸ ਰਾਜ ਵਾਸੀ ਮਕਾਨ ਨੰ:33ਬੀ,ਦਸਮੇਸ਼ ਇੰਨਕਲੇਵ, ਢਕੋਲੀ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 23/ਆਈ ਐਮ ਜੀ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 01-02-21 ਨੂੰ ਦਿੱਤੀ ਸੀ। ਜਿਸ ਵਿੱਚ ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਵਿਦੇਸ਼ ਜਾਣ ਲਈ ਉਕਤ ਦੋਸ਼ੀ ਨੂੰ ਕੁੱਲ 4 ਲੱਖ 50 ਹਜਾਰ ਰੁਪਏ ਦਿੱਤੇ ਸਨ। ਬਾਅਦ ਵਿੱਚ ਉਕਤ ਦੋਸ਼ੀ ਨੇ ਨਾ ਹੀ ਮੈਨੂੰ ਵਿਦੇਸ਼ ਭੇਜਿਆ ਤੇ ਨਾ ਹੀ ਮੇਰੇ ਪੈਸੇ ਵਾਪਸ ਕੀਤੇ। ਇਸ ਤਰ੍ਹਾਂ ਉਕਤ ਦੋਸ਼ੀ ਮੇਰੇ ਨਾਲ 4 ਲੱਖ 50 ਹਜਾਰ ਰੁਪਏ ਦੀ ਠੱਗੀ ਮਾਰੀ ਹੈ। ਮੈ ਉਕਤ ਦੋਸ਼ੀ ਨਾਲ ਪੈਸਿਆ ਦਾ ਲੈਣ ਦੇਣ ਢਕੋਲੀ ਵਿਖੇ ਕੀਤਾ ਸੀ। ਜਿਸ ਦੀ ਪੜਤਾਲ ਡੀ ਐਸ ਪੀ (ਸਪੈਸ਼ਲ ਬ੍ਰਾਂਚ ਅਤੇ ਕ੍ਰੀਮੀਨਲ ਇੰਟੈਲੀਜੈਂਸ) ਸਾਹਿਬ ਵੱਲੋ ਕੀਤੀ ਗਈ। ਫਿਰ ਡੀ ਡੀ ਏ ਲੀਗਲ ਦੀ ਰਾਇ ਹਾਸਲ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 11 | ਮੁਕੱਦਮਾ ਨੰ:389<br>ਮਿਤੀ:13-12-22<br>ਜੁਰਮ:22-61-85,<br>ਐਨ.ਡੀ.ਪੀ.ਐਸ ਐਕਟ<br>ਥਾਣਾ ਡੇਰਾਬੱਸੀ | ਐਸ ਆਈ:ਨਰਿੰਦਰ ਕੁਮਾਰ<br>80546-01101 | ਸਾਵਿੱਤਰੀ ਪੁੱਤਰੀ ਲਾਲਾ ਰਾਮ ਹਾਲ ਵਾਸੀ ਮਕਾਨ ਨੰ:ਬੀ-18,ਭੈਸਾ ਡੱਬਾ, ਮਨਸਾ ਦੇਵੀ, ਪੰਚਕੂਲਾਂ, ਹਰਿਆਣਾ | ਅੱਜ ਮਨ ਐਸ ਆਈ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਬੱਸ ਸਟੈਂਡ ਡੇਰਾਬੱਸੀ ਵਿਖੇ ਮੌਜੂਦ ਸੀ। ਤਾਂ ਉਕਤ ਦੋਸ਼ਣ ਸਾਹਮਣੇ ਤੋ ਪੈਦਲ ਆਉਂਦੀ ਦਿਖਾਈ ਦਿੱਤੀ। ਜਿਸ ਨੇ ਇਕ ਬੈਗ ਚੁੱਕਿਆ ਹੋਇਆ ਸੀ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਏ ਤੇ ਪਿੱਛੇ ਮੁੜਨ ਲੱਗੀ ਜਿਸ ਨੂੰ ਮਨ ਐਸ ਆਈ: ਨੇ ਪੁਲਿਸ ਪਾਰਟੀ ਦੀ ਮਦਦ ਨਾਲ ਕਾਬੂ ਕੀਤਾ। ਜਿਸ ਦੇ ਬੈਗ ਦੀ ਸ਼ੱਕ ਦੀ ਬਿਨਾਹ ਤੇ ਤਲਾਸ਼ੀ ਲਈ ਗਈ। ਜਿਸ ਵਿੱਚੋ ਕੁੱਲ 9,000 ਨਸ਼ੀਲੀਆ ਗੋਲੀਆ ਮਾਰਕਾ ਟਰਾਕੇਮ-100 ਬਰਾਮਦ ਹੋਈਆ। ਜਿਹਨਾਂ ਸਬੰਧੀ ਉਕਤ ਦੋਸ਼ਣ ਕੋਈ ਵੀ ਲਾਈਸੈਂਸ ਤੇ ਪਰਮਿਟ ਪੇਸ਼ ਨਹੀ ਕਰ ਸਕੀ। ਜਿਸ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |
| 12 | ਮੁਕੱਦਮਾ ਨੰ:390<br>ਮਿਤੀ:13-12-22<br>ਜੁਰਮ:279,304ਏ,<br>337, ਆਈ.ਪੀ.ਸੀ<br>ਥਾਣਾ ਡੇਰਾਬੱਸੀ | ਰਾਜ ਕੁਮਾਰ ਪੁੱਤਰ ਦਿਵਾਰਿਕਾ ਸਿੰਘ ਹਾਲ ਵਾਸੀ ਪਿੰਡ ਹਰੀਪੁਰ ਹਿੰਦੂਆ, ਥਾਣਾ ਡੇਰਾਬੱਸੀ<br>ਉਮਰ 22 ਸਾਲ<br>97084-62180 | ਨਾ-ਮਾਲੂਮ ਡਰਾਈਵਰ ਤੇ ਹੈਡਰਾ ਨੰ:ਪੀ ਬੀ-65ਵੀਜੈੱਡ-3973 | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਕਾਂਸਲ ਇੰਜਨੀਰਿੰਗ ਯੂਨਿਟ ਪਿੰਡ ਭਗਵਾਨਪੁਰ, ਥਾਣਾ ਡੇਰਾਬੱਸੀ ਵਿਖੇ ਵੈਲਡਰ ਦੀ ਨੌਕਰੀ ਕਰਦਾ ਹਾਂ। ਮੇਰਾ ਭਰਾ ਸੰਤੋਸ਼ ਕੁਮਾਰ ਇਸਕੋ ਕੰਪਨੀ ਪਿੰਡ ਭਗਵਾਨਪੁਰ ਵਿਖੇ ਵੈਲਡਰ ਦੀ ਨੌਕਰੀ ਕਰਦਾ ਸੀ। ਅੱਜ ਵਕਤ ਕਰੀਬ 12:15 ਪੀ ਐਮ ਦਾ ਹੋਵੇਗਾ ਮੈ ਪਿੰਡ ਭਗਵਾਨਪੁਰ ਦੇ ਬੱਸ ਸਟੈਂਡ ਤੇ ਖੜ੍ਹਾ ਸੀ। ਤਾਂ ਮੇਰਾ ਭਰਾ ਆਪਣੇ ਸਾਈਕਲ ਤੇ ਸਵਾਰ ਹੋ ਕੇ ਆਪਣੀ ਡਿਊਟੀ ਤੇ ਜਾ ਰਿਹਾ ਸੀ। ਜਿਸ ਦੇ ਪਿੱਛੇ ਉਸਦਾ ਦੋਸਤ ਲਾਲੂ ਬੈਠਾ ਸੀ। ਤਾਂ ਡੇਰਾਬੱਸੀ ਸਾਈਡ ਤੋ ਉਕਤ ਨੰਬਰੀ ਹੈਡਰਾ ਆਇਆ ਜਿਸ ਦੇ ਨਾ-ਮਾਲੂਮ ਡਰਾਈਵਰ ਨੇ ਆਪਣੇ ਹੈਡਰੇ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਮੇਰੇ ਭਰਾ ਦੇ ਸਾਈਕਲ ਪਿੱਛੇ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਮੇਰੇ ਭਰਾ ਦੇ ਸਿਰ ਵਿੱਚ ਕਾਫੀ ਸੱਟਾਂ ਲੱਗੀਆ। ਜਿਸ ਦੀ ਮੌਕੇ ਤੇ ਹੀ ਮੌਤ ਹੋ ਗਈ ਤੇ ਉਸ ਦੇ ਦੋਸਤ ਲਾਲੂ ਦੇ ਵੀ ਸੱਟਾਂ ਲੱਗੀਆ ਜਿਸ ਨੂੰ ਮੈ ਇਲਾਜ ਲਈ ਸਿਵਲ ਹਸਪਤਾਲ ਡੇਰਾਬੱਸੀ ਵਿਖੇ ਦਾਖਲ ਕਰਵਾਇਆ। ਜਿੱਥੇ ਉਹ ਜੇਰੇ ਇਲਾਜ ਹੈ। ਬਾਅਦ ਵਿੱਚ ਮੈ ਉਕਤ ਨੰਬਰੀ ਹੈਡਰਾ ਦੇ ਨਾ-ਮਾਲੂਮ ਡਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |